## ਜਮਾਤ ਅੱਠਵੀਂ

## ਪਾਠ 3 ਇਨਫਰਮੇਸ਼ਨ ਟੈਕਨਾਲੋਜੀ ਨਾਲ ਜਾਣ ਪਛਾਣ


4. ਵੱਡੇ ਉੱਤਰਾਂ ਵਾਲੇ ਪ੍ਰਸ਼ਨ:-

ਪ੍ਰਸ਼ਨ1. ਆਨਲਾਈਨ ਰਿਜ਼ਲਟ ਦੇਖਣ ਦਾ ਤਰੀਕਾ ਦੱਸੋ?

ਉੱਤਰ:-ਪੁਰਾਣੇ ਸਮੇਂ ਵਿੱਚ ਜਦੋਂ ਇਨਫਰਮੇਸ਼ਨ ਟੈਕਨਾਲੋਜੀ ਨੇ ਇੰਨੀ ਤਰੱਕੀ ਨਹੀਂ ਕੀਤੀ ਸੀ ਤਾਂ ਸਾਨੂੰ ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਦੇਖਣ ਲਈ ਕਈ ਦਿਨ ਜਾਂ ਮਹੀਨੇ ਇੰਤਜ਼ਾਰ ਕਰਨਾ ਪੈਂਦਾ ਸੀ ਅਤੇ ਕਿਸੇ ਕਿਤਾਬਾਂ ਵਾਲੀ ਦੁਕਾਨ ਤੇ ਜਾ ਕੇ ਪੈਸੇ ਖਰਚ ਕਰਕੇ ਆਪਣਾ ਰਿਜ਼ਲਟ ਪਤਾ ਕਰਨਾ ਪੈਂਦਾ ਸੀ। ਪਰ ਹੁਣ ਇਨਫਰਮੇਸ਼ਨ ਟੈਕਨਾਲੋਜੀ ਦੇ ਬੇਮਸਾਲ ਤਰੱਕੀ ਕਰ ਜਾਣ ਨਾਲ ਅਸੀਂ ਘਰ ਬੈਠੇ ਹੋਏ ਬਿਨਾਂ ਕਿਸੇ ਖਰਚ ਦੇ ਕਿਸੇ ਵੀ ਜਮਾਤ ਦਾ ਰਿਜ਼ਲਟ ਮੁਫਤ ਦੇਖ ਸਕਦੇ ਹਾਂ।ਉਦਾਹਰਨ ਵਜੋਂ ਜੇਕਰ ਅਸੀਂ ਅੱਠਵੀਂ ਜਮਾਤ ਦਾ ਬੋਰਡ ਦਾ ਰਿਜ਼ਲਟ ਵੇਖਣਾ ਹੋਵੇ ਤਾਂ ਅਸੀਂ ਹੇਠ ਲਿਖੇ ਸਟੈੱਪ ਅਪਣਾਵਾਂਗੇ:-

1. ਗੂਗਲ ਕਰੋਮ ਜਾਂ ਇੰਟਰਨੈੱਟ ਐਕਸਪਲੋਰਰ ਬਰਾਊਜ਼ਰ ਨੂੰ ਉਪਨ ਕਰੋ।
2. ਹੁਣ ਬਰਾਊਜ਼ਰ ਦੀ ਐਡਰੈਸ ਬਾਰ ਵਿਚ www.pseb.ac.in ਟਾਇਪ ਕਰੋ ਅਤੇ ਐਂਟਰ ਕੀਅ ਦਬਾਓ।
3. ਬੋਰਡ ਦੀ ਵੈਬਸਾਈਟ ਖੁੱਲ੍ਹ ਜਾਣ ਤੋਂ ਬਾਅਦ Results Option ‘ਤੇ ਕਲਿੱਕ ਕਰੋ। ਉਹ ਸਾਰੀਆਂ ਜਮਾਤਾਂ ਜਿੰਨ੍ਹਾ ਦਾ ਰਿਜ਼ਲਟ ਆ ਚੁਕਿਆ ਹੈ ਨਜ਼ਰ ਆਉਣਗੀਆਂ।




4. Middle Examination Result March ‘ਤੇ ਕਲਿੱਕ ਕਰੋ।
5. ਜਿਸ ਸਾਲ ਪੇਪਰ ਹੋਏ ਹਨ ਉਹ ਸਾਲ ਚੁਣੋ।
6. ਆਪਣਾ ਰੋਲ ਨੰਬਰ ਜਾਂ ਨਾਮ ਭਰੋ।
7. Find Results ‘ਤੇ ਕਲਿੱਕ ਕਰੋ।
8. ਸਾਡਾ ਰਿਜ਼ਲਟ ਸਕਰੀਨ ‘ਤੇ ਨਜ਼ਰ ਆ ਜਾਵੇਗਾ।ਅਸੀਂ ਇਸ ਰਿਜ਼ਲਟ ਦਾ ਪ੍ਰਿੰਟ ਵੀ ਲੈ ਸਕਦੇ ਹਾਂ।

ਪ੍ਰਸ਼ਨ2. ਸਰਫਿੰਗ ਅਤੇ ਸਰਚਿੰਗ ਵਿਚ ਕੀ ਫਰਕ ਹੈ?




ਉੱਤਰ:- ਸਰਚਿੰਗ :- ਸਰਚਿੰਗ ਦਾ ਮਤਲਬ ਹੈ ਕੁਝ ਲੱਭਣਾ। ਅਸ਼ੀਂ ਜਾਣਦੇ ਹਾਂ ਕਿ ਇੰਟਰਨੈੱਟ ਉੱਪਰ ਜਾਣਕਾਰੀ ਵੈਬ ਪੇਜ਼ਾਂ ਦੇ ਰੂਪ ਵਿਚ ਉਪਲਬਧ ਹੁੰਦੀ ਹੈ। ਗੂਗਲ ਸਰਚ ਇੰਜਣ ਨਾਮ ਦੇ ਆਨਲਾਈਨ ਸਰਚ ਸਾਫਟਵੇਅਰ ਦੀ ਸਹਾਇਤਾ ਨਾਲ ਅਸ਼ੀਂ ਲੱਭੀ ਜਾਣ ਵਾਲੀ ਜਾਣਕਾਰੀ ਨੂੰ ਹਜ਼ਾਰਾਂ ਲੱਖਾਂ ਪੇਜ਼ਾਂ ਵਿਚੋਂ ਇਕ ਥਾਂ ਇਕੱਠੀ ਕਰਕੇ ਕਿਸੇ ਵੀ ਜਾਣਕਾਰੀ ਨੂੰ ਆਸਾਨੀ ਨਾਲ ਲੱਭ ਸਕਦੇ ਹਾਂ। ਇੰਟਰਨੈੱਟ ‘ਤੇ ਜਾਣਕਾਰੀ ਨੂੰ ਲੱਭਣ ਦੇ ਇਸ ਕੰਮ ਨੂੰ ਸਰਚਿੰਗ ਕਿਹਾ ਜਾਂਦਾ ਹੈ।

ਸਰਫਿੰਗ:- ਸਰਫਿੰਗ ਜਾਂ ਵੈੱਬ ਸਰਫਿੰਗ ਤੋਂ ਭਾਵ ਹੈ ਕਿ ਕਿਸੇ ਵੀ ਮਨਪਸੰਦ ਵਿਸ਼ੇ ਵਾਲੀ ਜਾਣਕਾਰੀ ਨੂੰ ਲੱਭਣ ਲਈ ਇੰਟਰਨੈੱਟ ਉੱਪਰ ਸਮਾਂ ਬਿਤਾਉਣਾ। ਅੱਜ ਕੱਲ੍ਹ ਇਹ ਬਹੁਤ ਸਾਰੇ ਇੰਟਰਨੈੱਟ ਯੂਜ਼ਰਸ ਲਈ ਸਮਾਂ ਬਿਤਾਉਣ ਦਾ ਮਨਪਸੰਦ ਸਾਧਨ ਬਣ ਗਿਆ ਹੈ। ਯੂਜ਼ਰ ਜਾਣਕਾਰੀ ਨੂੰ ਲੱਭਣ ਲਈ ਵੱਖ ਵੱਖ ਵੈੱਬ ਪੇਜ਼ਾਂ ਦੇ ਲਿੰਕਸ ਨੂੰ ਕਲਿੱਕ ਕਰਦਾ ਹੋਇਆ ਇਕ ਵੈਬਸਾਈਟ ਤੋਂ ਦੂਜੀ ਵੈਬਸਾਈਟ ਘੁੰਮਦਾ ਰਹਿੰਦਾ ਹੈ ਅਤੇ ਜਾਣਕਾਰੀ ਪ੍ਰਾਪਤ ਕਰਦਾ ਰਹਿੰਦਾ ਹੈ।




ਪ੍ਰਸ਼ਨ3. ਆਨਲਾਈਨ ਅਤੇ ਆਫਲਾਈਨ ਵਿਚ ਕੀ ਅੰਤਰ ਹੈ?

ਉੱਤਰ:- ਜਦੋਂ ਤੋਂ ਕੰਪਿਊਟਰ ਟੈਕਨਾਲੋਜੀ ਅਤੇ ਇਨਫਰਮੇਸ਼ਨ ਟੇਕਨਾਲੋਜੀ ਨੇ ਇੰਟਰਨੈਟ ਦੀ ਵਰਤੋਂ ਸ਼ੁਰੂ ਕੀਤੀ ਹੈ , ਇਸਨੇ ਸਾਡੇ ਕੰਮ ਕਰਨ ਦੇ ਬਹੁਤ ਸਾਰੇ ਤਰੀਕਿਆਂ ਨੂੰ ਜਾਂ ਤਾਂ ਬਦਲ ਦਿੱਤਾ ਹੈ ਜਾਂ ਇਹਨਾਂ ਨੂੰ ਨਵੇਂ ਨਾਮ ਦੇ ਦਿੱਤੇ ਗਏ ਹਨ। ਕੰਮ ਨੂੰ ਕੰਪਿਊਟਰ ਉੱਤੇ ਕਾਫੀ ਸਮਾਂ ਪਹਿਲਾਂ ਤੋਂ ਹੀ ਕੀਤਾ ਜਾਂਦਾ ਰਿਹਾ ਹੈ। ਆਨਲਾਈਨ ਅਤੇ ਆਫਲਾਈਨ ਕੰਪਿਊਟਰ ਉੱਪਰ ਕੰਮ ਕਰਨ ਦੇ ਵੱਖ ਵੱਖ ਤਰੀਕੇ ਹਨ ਜਿਹਨਾਂ ਵਿੱਚਇੰਟਰਨੈਟ ਦੀ ਵਰਤੋਂ ਕੀਤੀ ਜਾਂਦੀ ਹੈ ਜਾਂ ਨਹੀਂ ਹੁੰਦੀ।

ਆਨਲਾਈਨ :- ਜਦੋਂ ਅਸੀਂ ਕੰਪਿਊਟਰ ‘ਤੇ ਕਿਸੇ ਫਾਈਲ ਜਾਂ ਪ੍ਰੋਗਰਾਮ ਨੂੰ ਇੰਟਰਨੈਟ ਦੀ ਸਹਾਇਤਾ ਨਾਲ (ਕਿਸੇ ਸਰਵਰ ਜਾਂ ਸਾਧਨ ਵਿਚੋਂ ) ਖੋਲ੍ਹ ਕੇ ਕੰਮ ਕਰ ਰਹੇ ਹੁੰਦੇ ਹਾਂ ਤਾਂ ਇਸ ਨੂੰ ਆਨਲਾਈਨ ਕੰਮ ਕਰਨਾ ਕਿਹਾ ਜਾਂਦਾ ਹੈ। ਅਸੀਂ ਇੰਟਰਨੈਟ ਦੀ ਸਹਾਇਤਾ ਤੋਂ ਬਿਨਾਂ ਆਨਲਾਈਨ ਕੰਮ ਨਹੀਂ ਕਰ ਸਕਦੇ।




ਆਫਲਾਈਨ:- ਜਦੋਂ ਅਸੀਂ ਕਿਸੇ ਫਾਈਲ ਜਾਂ ਪ੍ਰੋਗਰਾਮ ਵਿੱਚਕੰਮ ਕਰ ਰਹੇ ਹੁੰਦੇ ਹਾਂ ਜੋ ਕਿ ਕਿਸੇ ਆਨਲਾਈਨ ਪ੍ਰੋਗਰਾਮ ਜਾਂ ਸਾਧਨ ਵਿੱਚ ਨਾ ਹੋ ਕੇ ਸਾਡੇ ਕੰਪਿਊਟਰ ਵਿੱਚ ਹੀ ਪਈਆਂ ਹੁੰਦੀਆਂ ਹਨ। ਕੰਮ ਕਰਨ ਦੇ ਇਸ ਤਰੀਕੇ ਨੂੰ ਆਫਲਾਈਨ ਕੰਮ ਕਰਨਾ ਕਿਹਾ ਜਾਂਦਾ ਹੈ। ਇਹ ਇੰਟਰਨੈਟ ਨਾਲ ਜੁੜੇ ਤੋਂ ਬਿਨਾਂ ਹੁੰਦਾ ਹੈ।


ਪ੍ਰਸ਼ਨ4. ਇਨਫਰਮੇਸ਼ਨ ਟੈਕਨਾਲੋਜੀ ਦੀ ਜ਼ਰੂਰਤ ਦੀ ਵਿਆਖਿਆ ਕਰੋ?

ਉੱਤਰ:- ਅੱਜ ਦੀ ਤਰੀਕ ਵਿੱਚਇਨਫਰਮੇਸਨ ਟੈਕਨਾਲੋਜੀ ਨੇ ਸਾਡੇ ਜੀਵਨ ਦੇ ਲੱਗਭੱਗ ਹਰੇਕ ਕੰਮ ਜਾਂ ਕੰਮ ਕਰਨ ਦੇ ਤਰੀਕੇ ਨੂੰ ਬਦਲਿਆ ਹੈ। ਭਾਵੇਂ ਉਹ ਸਾਡੇ ਸਿੱਖਣ, ਮਨੋਰੰਜਨ, ਦਫਤਰੀ ਕੰਮ ਕਾਜ਼ ਅਤੇ ਪੜ੍ਹਨ ਲਿਖਣ ਜਾਂ ਹੋਰ ਬਹੁਤ ਸਾਰੇ ਕੰਮ ਹੋਣ, ਅਜਿਹਾ ਕੋਈ ਵੀ ਕੰਮ ਨਹੀਂ ਹੈ ਜਿਸ ਵਿੱਚਇਨਫਰਮੇਸਨ ਟੈਕਨਾਲੋਜੀ ਦੀ ਵਰਤੋਂ ਨਾ ਹੁੰਦੀ ਹੋਵੇ। ਜੇਕਰ ਅਸੀਂ ਕੰਮ ਕਾਰ ਨੂੰ ਛੱਡ ਵੀ ਦੇਈਏ ਤਾਂ ਵੀ ਟੈਲੀਕਮਿਊਨੀਕੇਸ਼ਨ ਟੈਕਨਾਲੋਜੀ ਇਨਫਰਮੇਸ਼ਨ ਟੈਕਨਾਲੋਜੀ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਟੈਕਨਾਲੋਜੀ ਨੇ ਸਾਡੀ ਫੋਨ ਜਾਂ ਮੋਬਾਇਲ ਉਪਰ ਹੋਣ ਵਾਲੀ ਸਧਾਰਨ ਗੱਲਬਾਤ ਦਾ ਤਰੀਕਾ ਬਿਲਕੁਲ ਬਦਲ ਦਿੱਤਾ ਹੈ। ਇਹ ਸਭ ਕੁਝ ਇਨਫਰਮੇਸ਼ਨ ਟੈਕਨਾਲੋਜੀ ਦੀ ਤਰੱਕੀ ਤੋਂ ਬਿਨਾਂ ਸੰਭਵ ਨਹੀਂ ਹੈ। ਅੱਜ ਇਨਫਰਮੇਸ਼ਨ ਟੈਕਨਾਲੋਜੀ ਦੀ ਵਰਤੋਂ ਬਹੁਤ ਸਾਰੇ ਕੰਮਾਂ ਲਈ ਕੀਤੀ ਜਾਂਦੀ ਹੈ ਜਿਸ ਨਾਲ ਇਹ ਕੰਮ ਕਰਨੇ ਆਸਾਨ ਹੋ ਗਏ ਹਨ, ਜਿਹਨਾਂ ਵ੍ਹਿਚੋਂ ਕੁਝ ਹੇਠ ਲਿਖੇ ਅਨੁਸਾਰ ਹਨ:-


1. ਵਪਾਰ ਅਤੇ ਉਦਯੋਗਾਂ ਲਈ:- ਵਪਾਰ ਅਤੇ ਉਦਯੋਗਾਂ ਵਿੱਚ ਇਨਫਰਮੇਸ਼ਨ ਟੈਕਨਾਲੋਜੀ ਬਹੁਤ ਅਹਿਮ ਰੋਲ ਨਿਭਾ ਰਹੀ ਹੈ।ਇਸ ਨਾਲ ਉਦਯੋਗਾਂ ਵ੍ਰਿਚ ਰੋਜ਼ ਨਵੀਆਂ ਨਵੀਆਂ ਖੋਜ਼ਾਂ ਹੋ ਰਹੀਆਂ ਹਨ ਅਤੇ ਦੂਰ ਦੁਰਾਡੇ ਖੇਤਰਾਂ ਅਤੇ ਦੇਸ਼ਾਂ ਵਿੱਚ ਵਪਾਰ ਤੇਜ਼ੀ ਨਾਲ ਫੈਲ ਰਿਹਾ ਹੈ।




2. ਸਿੱਖਿਆ ਲਈ:- ਸਿੱਖਿਆ ਦੇ ਖੇਤਰ ਵਿੱਚਇਨਫਰਮੇਸ਼ਨ ਟੈਕਨਾਲੋਜੀ ਬਹੁਤ ਵਧੀਆ ਯੋਗਦਾਨ ਪਾ ਰਹੀ ਹੈ। ਵਿਦਿਆਰਥੀ ਅਤੇ ਹੋਰ ਲੋਕ ਆਪਣੇ ਘਰਾਂ ਵਿੱਚਬੈਠੇ ਹੋਏ ਹਰ ਕਿਸਮ ਦੀ ਪੜ੍ਹਾਈ ਇੰਟਰਨੈਟ ਦੀ ਸਹਾਇਤਾ ਨਾਲ ਬਿਨਾਂ ਕਿਸੇ ਖਰਚ ਦੇ ਕਰ ਰਹੇ ਹਨ। ਸਕੂਲਾਂ ਵਿੱਚ ਵਿਿਦਆਰਥੀਆਂ ਨੂੰ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ ਇਨਫਰਮੇਸ਼ਨ ਟੈਕਨਾਲੋਜੀ ਨਾਲ ਸੰਭਵ ਹਨ।




3. ਮੈਨੇਜ਼ਮੈਂਟ ਇਨਫਰਮੇਸ਼ਨ ਸਿਸਟਮ:- ਇਨਫਰਮੇਸ਼ਨ ਟੈਕਨਾਲੋਜੀ ਨੇ ਮੈਨੇਜ਼ਮੈਂਟ ਇਨਫਰਮੇਸ਼ਨ ਸਿਸਟਮ ਦੇ ਰਾਹੀਂ ਵੱਖ ਵੱਖ ਲੋਕਾਂ ਅਤੇ ਸੰਸਥਾਵਾਂ ਅਤੇ ਕੰਪਨੀਆਂ ਦੇ ਡਾਟਾਬੇਸ ਨੂੰ ਇਕ ਥਾਂ ਤੇ ਇਕੱਠਾ ਕਰ ਦਿੱਤਾ ਹੈ ਅਤੇ ਵੱਖ ਵੱਖ ਲੋਕਾਂ ਨੂੰ ਮਹੁੱਈਆ ਕਰਵਾਇਆ ਹੈ। ਇਸ ਨਾਲ ਹਰ ਕੰਮ ਵਿੱਚ ਪਾਰਦਰਸ਼ਤਾ ਵਧੀ ਹੈ।




4. ਆਫਿਸ ਆਟੋਮੇਸ਼ਨ:- ਇਨਫਰਮੇਸ਼ਨ ਟੈਕਨਾਲੋਜੀ ਨੇ ਸਰਕਾਰੀ ਅਤੇ ਪ੍ਰਾਈਵੇਟ ਦਫਤਰਾਂ ਦੇ ਕੰਮ ਕਾਜ਼ ਵਿੱਚ ਤੇਜ਼ੀ ਲਿਆਦੀਂ ਹੈ। ਹਰ ਤਰ੍ਹਾਂ ਦੀ ਲੋੜੀਦੀਂ ਦਫਤਰੀ ਸੂਚਨਾਂ ਅਤੇ ਡਾਟਾ ਫਾਇਲਾਂ ਮਿੰਟੋ ਮਿੰਟ ਹੀ ਇਕ ਤੋਂ ਦੂਜੀ ਥਾਂ ਪਹੁੰਚ ਰਹੀਆਂ ਹਨ।ਇਹ ਸਭ ਕੁਝ ਇਨਫਰਮੇਸ਼ਨ ਟੈਕਨਾਲੋਜੀ ਨਾਲ ਹੀ ਸੰਭਵ ਹੋ ਸਕਿਆ ਹੈ।



5. ਸੂਚਨਾਂ ਦਾ ਸੰਚਾਰ:- ਇਨਫਰਮੇਸ਼ਨ ਟੈਕਨਾਲੋਜੀ ਦੀ ਵਰਤੋਂ ਨਾਲ ਹਰ ਕਿਸਮ ਦੀ ਸੂਚਨਾਂ ਦਾ ਅਪਸੀ ਅਦਾਨ ਪ੍ਰਦਾਨ ਵਧਿਆ ਹੈ। ਹੁਣ ਅਸੀਂ ਹਰ ਕਿਸੇ ਨਾਲ ਚਿੱਠੀ ਪੱਤਰ ਰਾਹੇਂ ਜਾਂ ਲਿਖ ਕੇ ਗੱਲਬਾਤ ਕਰ ਸਕਦੇ ਹਾਂ, ਅਖਬਾਰਾਂ ਆਦਿ ਆਨਲਾਈਨ ਪੜ੍ਹ ਸਕਦੇ ਹਾਂ ਅਤੇ ਹਰ ਤਰ੍ਹਾਂ ਦੀ ਵਪਾਰਿਕ ਜਾਣਕਾਰੀ ਬਿਨਾਂ ਕਿਸੇ ਖਰਚੇ ਤੋਂ ਅਤੇ ਘੱਟ ਸਮੇਂ ਵਿੱਚਪ੍ਰਾਪਤ ਕਰ ਸਕਦੇ ਹਾਂ।ਇਸ ਤਰ੍ਹਾਂ ਇਨਫਰਮੇਸ਼ਨ ਟੈਕਨਾਲੋਜੀ ਨੇ ਸਾਡੇ ਜੀਵਨ ਵਿੱਚ ਕੰਮ ਕਰਨ ਦੇ ਢੰਗ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ।

